ਕੋਲੋਂ ਤੱਕਿਆ ਲੈਨਿਨ

ਲੇਖਕਾ – ਕਲਾਰਾ ਜ਼ੈਟਕਿਨ
ਅਨੁਵਾਦਿਕ – ਪ੍ਰੀਤਮ ਸਿੰਘ 'ਪੰਛੀ'

ਪ੍ਰੋਗਰੈਸਿਵ ਪਬਲਿਸ਼ਰਜ਼ ਪ੍ਰੀਤ ਨਗਰ ਸ਼ਾਪ
ਲਾਹੌਰ

G
401
ਸ. ਰ.
ਨੰ. ੫੮੨
29994

ਪਹਿਲੀ ਵਾਰ
ਜੂਨ ੧੯੪੪

ਪ੍ਰਿੰਟਰ : ਗੁਰਬਖਸ਼ ਸਿੰਘ, ਪ੍ਰੀਤ ਸੈਨਿਕ ਪ੍ਰੈਸ, ਪ੍ਰੀਤ ਨਗਰ
ਪਬਲਿਸ਼ਰ : ਪਿਆਰਾ ਸਿੰਘ ਸਹਿਰਾਈ, ਪ੍ਰੀਤ ਨਗਰ

ਲੇਖਕਾ ਦੀ ਜਾਣ-ਪਛਾਣ

★

ਕਲਾਰਾ ਜ਼ੈਟਕਿਨ ਦੁਨੀਆ ਦੀਆਂ ਉਨ੍ਹਾਂ ਗਿਣਤੀ ਦੀਆਂ ਇਸਤ੍ਰੀਆਂ ਵਿਚੋਂ ਹਨ, ਜਿਨ੍ਹਾਂ ਨੇ ਜਨਤਾ ਦੀ ਆਜ਼ਾਦੀ ਅਤੇ ਸੋਸ਼ਲਿਜ਼ਮ ਦੀ ਸਥਾਪਨਾ ਲਈ ਇਨਕਲਾਬੀ ਲਹਿਰ ਦੀ ਜੀਵਨ-ਭਰ ਸੇਵਾ ਕੀਤੀ । ਕਲਾਰਾ ਦੀ ਸ਼ਖਸੀਅਤ ਦਾ ਵਿਕਾਸ ਜਰਮਨ ਮਜ਼ਦੂਰ-ਸ਼੍ਰੇਣੀ ਦੀ ਇਨਕਲਾਬੀ ਲਹਿਰ ਦੀ ਹੀ ਜਥੇਬੰਦੀ ਅਤੇ ਵਿਕਾਸ ਦੇ ਨਾਲ ਹੋਇਆ ਸੀ । ਰੋਜ਼ਾ ਲੁਕਸੇਮ ਬੁਰਗ, ਕਾਰਲ ਲਿਬਕਨੇਸ਼ਨ ਆਦਿ ਦੇ ਨਾਲ ਕਲਾਰਾ ਨੂੰ ਭੀ ਜਰਮਨ ਸੋਸ਼ਲ ਡੈਮੋਕ੍ਰੇਟਿਕ ਪਾਰਟੀ ਦੀ ਸਥਾਪਨਾ ਕਰਨ ਦਾ ਮਾਣ ਪ੍ਰਾਪਤ ਹੈ।

ਵੀਹਵੀਂ ਸਦੀ ਦੇ ਆਰੰਭ ਤੋਂ ਹੀ ਜੰਗ ਦੇ ਬੱਦਲ ਯੂਰਪ ਤੇ ਮੰਡਲਾਉਣ ਲਗੇ ਸਨ ਤੇ ਮਜ਼ਦੂਰ-ਇਨਕਲਾਬ ਲਈ ਹਾਲਾਤ ਬੇਹਤਰ ਹੋਣ ਲਗੇ ਸਨ। ਉਸ ਸਮੇਂ ਜਰਮਨ ਸੋਸ਼ਲ ਡੈਮੋਕ੍ਰੇਟਿਕ ਪਾਰਟੀ ਦੀ ਅਗਵਾਈ ਦਾ ਇਕ ਭਾਗ ਇਨਕਲਾਬੀ ਰਾਹ ਤਿਆਗ ਕੇ ਸੁਧਾਰ ਤੇ ਸਮਝੌਤੇ ਦੀ ਨੀਤੀ ਅਪਨਾਣ ਲਈ ਮਜ਼ਦੂਰਾਂ ਨੂੰ ਰਾਏ ਦੇਣ ਲਗ ਪਿਆ ਸੀ । ਪਰ ਰੋਜ਼ਾ, ਕਾਰਲ ਤੇ ਕਲਾਰਾ ਨੇ ਸੋਸ਼ਲ ਡੈਮੋਕ੍ਰੇਟਿਕ ਪਾਰਟੀ ਦੀਆਂ ਇਨਕਲਾਬੀ-ਰਵਾਇਤਾਂ ਨੂੰ ਅਪਣਾਈ ਰਖਿਆ। ਦੂਜੀ ਇੰਟਰ ਨੈਸ਼ਨਲ ਦੀ ਸਟੁਟਗਾਰਟ ਕਾਂਗਰਸ (੧੯੦੭)ਵਿਚ ਇਨ੍ਹਾਂ ਨੇ ਲੈਨਿਨ ਦਾ ਸਾਥ ਦਿਤਾ ਸੀ, ਉਸ ਤੋਂ ਬਾਅਦ ਇਹ ਸਾਥ ਹੋਰ ਭੀ ਪੱਕਾ ਹੁੰਦਾ ਗਿਆ।

ਪਿਛਲੀ ਵੱਡੀ ਲੜਾਈ ਦੇ ਸੰਕਟ ਦੇ ਸਮੇਂ ਵਿਚ ਜਰਮਨ ਸੋਸ਼ਲ ਡੈਮੋਕ੍ਰੇਟਿਕ ਪਾਰਟੀ ਦੀ ਸੁਧਾਰਵਾਦੀ ਅਗਵਾਈ ਨੇ ਮਜ਼ਦੂਰਾਂ ਨੂੰ ਧੋਖਾ ਦਿੱਤਾ । ਉਹ ਜ਼ਿਮੀਂਦਾਰਾਂ, ਫੌਜੀ ਸ਼ਾਹਾਂ ਤੇ ਅਮੀਰਾਂ ਨਾਲ ਜਾ ਮਿਲੇ।

ਮਜ਼ਦੂਰ-ਇਨਕਲਾਬ ਸਖਤੀ ਨਾਲ ਕੁਚਲ ਦਿਤਾ ਗਿਆ ਤੇ ਉਸ ਦੇ ਪਿਆਰੇ ਆਗੂ ਰੋਜ਼ਾ ਤੇ ਕਾਰਲ ਦੀ ਹਤਿਆ ਕਰ ਦਿਤੀ ਗਈ । ਯੂਰਪ ਦੀ ਸਭ ਤੋਂ ਬਲਵਾਨ ਮਜ਼ਦੂਰ-ਲਹਿਰ ਦਬ ਗਈ।

ਇਸ ਹਾਲਤ ਵਿਚ ਜਰਮਨੀ ਦੀ ਮਜ਼ਦੂਰ-ਲਹਿਰ ਦੀਆਂ ਮਾਣ ਭਰੀਆਂ ਰਵਾਇਤਾਂ ਦੀ ਰਖਿਆ ਦਾ ਭਾਰ ਕਲਾਰਾ ਤੇ ਉਸ ਦੇ ਸਾਥੀਆਂ ਦੇ ਮੋਢਿਆਂ ਤੇ ਆ ਪਿਆ । ਉਨ੍ਹਾਂ ਨੇ ਜਰਮਨ ਸੋਸ਼ਲ ਡੈਮੋਕ੍ਰੇਟਿਕ ਪਾਰਟੀ ਦੇ ਚੰਗੇ ਲੋਕਾਂ ਨੂੰ ਨਾਲ ਮਿਲਾ ਕੇ ਜਰਮਨ ਕਮਯੂਨਿਸਟ ਪਾਰਟੀ ਦੀ ਸਥਾਪਨਾ ਕੀਤੀ। ਇਨਕਲਾਬ ਵਿਰੋਧੀ ਤੂਫਾਨ ਦੇ ਔਖੇ ਦਿਨਾਂ ਵਿਚ ਮਜ਼ਦੂਰ ਲਹਿਰ ਨੂੰ ਇਨਕਲਾਬੀ-ਰਾਹਾਂ ਤੇ ਜਥੇਬੰਦ ਕਰਨ ਦੀ ਕੋਸ਼ਸ਼ ਕੀਤੀ।

੧੯੨੮ ਵਿਚ ਕਲਾਰਾ ਜਰਮਨ ਰਾਇਸ਼ਟਾਗ (ਪਾਰਲੀਮੈਂਟ) ਦੀ ਮੈਂਬਰ ਚੁਣੀ ਗਈ। ਇਸ ਅਹੁਦੇ ਤੇ ਹਿਟਲਰ ਦੇ ਆਗਮਨ ਤੋਂ ਕੁਝ ਅਰਸਾ ਪਹਿਲੋਂ ਤੀਕ ਰਹੀ। ੧੯੩੨ ਵਿਚ ਕਲਾਰਾ ਹੀ ਰਾਇਸ਼ਟਾਗ ਦੀ ਸਭ ਤੋਂ ਪ੍ਰਭਾਵ ਵਾਲੀ ਮੈਂਬਰ ਸੀ। ਸਪੀਕਰ ਦੀ ਚੋਣ ਲਈ ਕੀਤੇ ਗਏ ਪਹਿਲੇ ਜਲਸੇ ਦੀ ਉਸ ਨੇ ਪ੍ਰਧਾਨਗੀ ਕੀਤੀ ਸੀ।

ਕਲਾਰਾ ਜ਼ੈਟਕਿਨ ਜਰਮਨ ਕਮਯੂਨਿਸਟ ਪਾਰਟੀ ਦੇ ਮੋਢੀਆਂ ਵਿਚੋਂ ਸੀ। ਕਮਿਊਨਿਸਟ ਇੰਟਰ ਨੈਸ਼ਨਲ ਦੀ ਵਰਕਿੰਗ ਕਮੇਟੀ ਵਿਚ ਵੀ ਉਹ ਸ਼ੁਰੂ ਤੋਂ ਹੀ ਚੁਣ ਲਈ ਗਈ । ਜੀਵਨ-ਭਰ ਉਸ ਅਹੁਦੇ ਤੇ ਕਾਇਮ ਰਹੀ। ਕਲਾਰਾ ਦੀ ਮੌਤ ੧੯੩੪ ਵਿਚ ਹੋਈ। ਇੰਟਰ ਨੈਸ਼ਨਲ ਦੀਆਂ ਮੀਟਿੰਗਾਂ ਦੇ ਮੌਕੇ ਪੁਰ ਕਲਾਰਾ ਦੀਆਂ ਲੈਨਿਨ ਨਾਲ ਮੁਲਾਕਾਤਾਂ ਹੋਈਆਂ ਸਨ, ਸਗੋਂ ਆਪਣੀ ਤੇਜ਼ ਬੁਧੀ ਅਤੇ ਇਨਕਲਾਬੀ ਲਹਿਰ ਦੇ ਅਨੁਭਵ ਕਾਰਨ, ਲੈਨਿਨ ਨਾਲ ਉਸਨੇ ਜ਼ਾਤੀ ਸੰਬੰਧ ਭੀ ਜੋੜ ਲਏ ਸਨ । ਲੈਨਿਨ ਦੀ ਸਖ਼ਸ਼ੀਅਤ ਦਾ ਨੇੜੇ ਤੋਂ ਮੁਤਾਲਿਆ ਕਰਨ ਤੇ ਉਸ ਨੂੰ ਠੀਕ ਸਮਝਣ ਦਾ ਮੌਕਾ ਕਲਾਰਾ ਨੂੰ ਖੂਬ ਮਿਲਿਆ ਸੀ ।

ਉਸੇ ਆਧਾਰ ਪੁਰ ਇਨ੍ਹਾਂ ਯਾਦਾਂ ਦੀ ਰਚਨਾ ਹੋਈ ਹੈ।

ਕੋਲੋਂ ਤੱਕਿਆ ਲੈਨਿਨ

ਜੇ ਮੈਂ ਭੁਲਦੀ ਨਹੀਂ ਤਾਂ ਇਹ ਗਲ ੧੯੨੦ ਦੀ ਪਤਝੜ ਦੇ ਸ਼ੁਰੂ ਦੇ ਦਿਨਾਂ ਦੀ ਹੈ। 'ਦੁਨੀਆ ਨੂੰ ਹਿਲਾ ਦੇਣ ਵਾਲੇ' ਰੂਸੀ ਇਨਕਲਾਬ ਦਾ ਆਰੰਭ ਹੋ ਚੁਕਾ ਸੀ। ਮੈਂ ਉਨ੍ਹੀ ਦਿਨੀਂ ਮਾਸਕੋ ਪੁਜੀ ਸਾਂ । ਆਪਣੇ ਮਾਸਕੋ ਪਹੁੰਚਣ ਦੇ ਠੀਕ ਬਾਅਦ ਹੀ ਮੈਂ ਇਕ ਵਾਰ ਫਿਰ ਲੈਨਿਨ ਨੂੰ ਕਰੈਮਲਿਨ ਦੇ ਸੇਵਰਤਲੋਵ ਹਾਲ ਵਿਚ ਇਕ ਪਾਰਟੀ-ਮੀਟਿੰਗ ਵਿਚ ਦੇਖਿਆ। ਮੈਨੂੰ ਲੈਨਿਨ ਵਿਚ ਕੋਈ ਖਾਸ ਤਬਦੀਲੀ ਦਿਖਾਈ ਨਾ ਦਿੱਤੀ। ਨਾ ਉਮਰ ਦਾ ਹੀ ਕੋਈ ਖਾਸ ਪ੍ਰਭਾਵ ਉਨ੍ਹਾਂ ਤੇ ਪਿਆ ਸੀ । ਉਨ੍ਹਾਂ ਦੀ ਪੁਸ਼ਾਕ ਸਬੰਧੀ ਤਾਂ ਮੈਂ ਯਕੀਨ ਨਾਲ ਕਹਿ ਸਕਦੀ ਹਾਂ ਕਿ ਉਹੋ ਪੁਰਾਣਾ ਤੇ ਸਾਫ-ਸੁਥਰਾ ਕੋਟ ਉਨ੍ਹਾਂ ਨੇ ਪਹਿਨ ਰਖਿਆ ਸੀ, ਜਿਹੜਾ ਪਹਿਲੋਂ ਪਹਿਲ ਮੈਂ ਦੇਖਿਆ ਸੀ। ਇਹ ਸੰਨ ੧੯੦੭ ਦੀ ਗੱਲ ਹੈ। ਸਟੁਟਗਾਰਟ ਵਿਚ ਦੂਜੀ ਇੰਟਰ ਨੈਸ਼ਨਲ ਕਾਂਗਰਸ ਦੇ ਵਕਤ ਰੋਜ਼ਾ ਲੁਕਸੇਮਬੁਰਗ ਨੇ, ਜਿਨ੍ਹਾਂ ਕੋਲ ਲੋਕਾਂ ਦੀਆਂ ਖੂਬੀਆਂ ਢੂੰਡ ਲੈਣ ਲਈ, ਇਕ ਕਲਾਕਾਰ ਦੀ ਨਿਗਾਹ ਸੀ, ਲੈਨਿਨ ਵਲ ਇਸ਼ਾਰਾ ਕਰਦਿਆਂ ਮੈਨੂੰ ਕਿਹਾ ਸੀ :

' ਉਸ ਆਦਮੀ ਨੂੰ ਖੂਬ ਚੰਗੀ ਤਰ੍ਹਾਂ ਦੇਖ ਲਉ। ਓਹੋ ਲੈਨਿਨ ਹੈ। ਉਸ ਦੇ ਆਤਮ-ਨਿਸਚੇ ਤੇ ਕਦੇ ਨਾ ਝੁਕਣੇ ਵਾਲੇ ਸਿਰ ਵਲ ਦੇਖੋ।

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.